Alberta

ਨਿਊਜ਼ ਰਿਲੀਜ਼

# ਅਲਬਰਟਾ ਦੀ ਡਰਾਈਵਿੰਗ ਲਾਇਸੈਂਸ ਪ੍ਰਣਾਲੀ ਵਿੱਚ ਸੁਧਾਰ

27 ਸਤੰਬਰ 2022 ਮੀਡੀਆ ਪੁੱਛਗਿੱਛ

## ਗ੍ਰੈਜੂਏਟਿਡ ਡਰਾਈਵਰ ਲਾਇਸੈਂਸਿੰਗ (GDL) ਪ੍ਰੋਗਰਾਮ ਦੇ ਤਹਿਤ ਕਲਾਸ 5 ਅਤੇ ਕਲਾਸ 6 ਦੇ ਉੱਨਤ ਰੋਡ ਟੈਸਟਾਂ ਨੂੰ ਖਤਮ ਕਰਨ ਨਾਲ ਅਲਬਰਟਾ ਦੇ ਲਗਭਗ ਅੱਧੇ ਮਿਲੀਅਨ ਡਰਾਈਵਰਾਂ ਨੂੰ ਲਾਭ ਹੋਵੇਗਾ।

2023 ਦੀ ਬਸੰਤ ਰੁੱਤ ਤੋਂ, ਅਲਬਰਟਾ ਨੂੰ ਹੁਣ ਕਲਾਸ 5 ਅਤੇ ਕਲਾਸ 6 ਦੇ ਡਰਾਈਵਰ ਲਾਇਸੈਂਸਾਂ ਲਈ ਉੱਨਤ ਰੋਡ ਟੈਸਟਾਂ ਦੀ ਲੋੜ ਨਹੀਂ ਹੋਵੇਗੀ। 24-ਮਹੀਨੇ ਦੀ ਪ੍ਰੋਬੇਸ਼ਨਰੀ-ਮਿਆਦ ਨੂੰ ਸਫਲਤਾਪੂਰਵਕ ਪੂਰਾ ਕਰਨ ਤੇ, ਅਲਬਰਟ ਦੇ ਲੋਕ ਖੁਦ-ਬ-ਖੁਦ ਹੀ ਕਲਾਸ 5 ਜਾਂ ਕਲਾਸ 6 ਦੇ ਪੂਰੇ ਆਪਣੇ ਡਰਾਈਵਰ ਲਾਇਸੈਂਸ ਲਈ ਯੋਗ ਹੋ ਜਾਣਗੇ ਅਤੇ ਦੂਜਾ ਰੋਡ ਟੈਸਟ ਨਾ ਦੇ ਕੇ $150 ਦੀ ਬਚਤ ਕਰਨਗੇ। ਇਸ ਤੋਂ ਇਲਾਵਾ, ਕਲਾਸ 4 ਦੇ ਲਾਇਸੈਂਸ ਵਿੱਚ ਅੱਪਗ੍ਰੇਡ ਕਰਨ ਵਾਸਤੇ ਇੱਕ ਵਾਧੂ ਰੋਡ ਟੈਸਟ ਦੇਣ ਦੀ ਲੋੜ ਨਹੀਂ ਹੋਵੇਗੀ।

ਇਹ ਤਬਦੀਲੀਆਂ ਅਲਬਰਟਾ ਦੀਆਂ ਸੜਕਾਂ ਤੇ ਸੁਰੱਖਿਆ ਨੂੰ ਯਕੀਨੀ ਬਣਾਉਂਦੇ ਹੋਏ ਅਲਬਰਟਾ ਦੇ ਲੱਖਾਂ ਡਰਾਈਵਰਾਂ ਦੀ ਲਾਗਤ ਅਤੇ ਦਫ਼ਤਰੀ ਕਾਰਵਾਈਆਂ (ਰੈੱਡ ਟੇਪ) ਨੂੰ ਘਟਾਉਣ 'ਤੇ ਕੇਂਦ੍ਰਿਤ ਹਨ।

GDL ਡਰਾਈਵਰਾਂ ਵਲੋਂ, ਆਪਣੇ ਪਿਛਲੇ 12 ਮਹੀਨਿਆਂ ਦੀ ਪ੍ਰੋਬੇਸ਼ਨਰੀ-ਮਿਆਦ ਦੇ ਦੌਰਾਨ ਕੋਈ ਵੀ ਮੁਅੱਤਲ ਜਾਂ ਟ੍ਰੈਫਿਕ ਉਲੰਘਣਾ ਨਹੀਂ ਹੋਣੀ ਚਾਹੀਦੀ, ਜਿਸ ਵਿੱਚ ਸ਼ਰਾਬ ਅਤੇ/ਜਾਂ ਨਸ਼ੀਲੇ ਪਦਾਰਥਾਂ ਦੇ ਸੇਵਨ ਲਈ ਜ਼ੀਰੋ ਸਹਿਣਸ਼ੀਲਤਾ ਸ਼ਾਮਲ ਹੈ।

ਖਰਾਬ ਡਰਾਈਵਿੰਗ ਨੂੰ ਪ੍ਰਦਰਸ਼ਿਤ ਕਰਨ ਵਾਲੇ ਅਤੇ ਨੁਕਸਾਨਦੇਹ, ਜਾਂ ਉਨ੍ਹਾਂ ਦੀ ਪ੍ਰੋਬੇਸ਼ਨਰੀ-ਮਿਆਦ ਦੇ ਆਖਰੀ ਸਾਲ ਦੌਰਾਨ ਹੋਰ ਅਸੁਰੱਖਿਅਤ ਡਰਾਈਵਿੰਗ ਅਪਰਾਧਾਂ ਲਈ ਟਿਕਟ ਪ੍ਰਾਪਤ ਕਰਨ ਵਾਲੇ ਡਰਾਈਵਰਾਂ ਦੀ ਪ੍ਰੋਬੇਸ਼ਨਰੀ-ਮਿਆਦ ਨੂੰ ਇੱਕ ਵਾਧੂ ਸਾਲ ਲਈ ਵਧਾ ਦਿੱਤਾ ਜਾਵੇਗਾ। ਜੇ ਡਰਾਈਵਰ ਇੱਕ ਪ੍ਰਵਾਨਿਤ ਡਰਾਈਵਰ ਸਿਖਲਾਈ ਕੋਰਸ ਨੂੰ ਪੂਰਾ ਕਰਦੇ ਹਨ ਤਾਂ ਉਨ੍ਹਾਂ ਨੂੰ ਆਪਣੀ ਅਜਮਾਇਸ਼ੀ ਮਿਆਦ ਨੂੰ ਛੇ ਮਹੀਨਿਆਂ ਤੱਕ ਘਟਾਉਣ ਦੀ ਵੀ ਆਗਿਆ ਦਿੱਤੀ ਜਾਵੇਗੀ।

ਕਲਾਸ 4 ਦੇ ਡਰਾਈਵਿੰਗ ਲਾਇਸੈਂਸ ਨੂੰ ਪ੍ਰਾਪਤ ਕਰਨ ਲਈ ਇੱਕ ਵਾਧੂ ਰੋਡ ਟੈਸਟ ਲਾਜ਼ਮੀ ਨਹੀਂ ਹੋਵੇਗਾ, ਜੋ ਕਿ ਟੈਕਸੀਆਂ, ਸਾਂਝੀ-ਰਾਈਡ ਵਾਲੇ ਵਾਹਨਾਂ, ਲਿਮੋਜ਼ਿਨਾਂ, ਛੋਟੀਆਂ ਬੱਸਾਂ ਅਤੇ ਐਂਬੂਲੈਂਸਾਂ ਵਿੱਚ ਯਾਤਰੀਆਂ ਨੂੰ ਲਿਜਾਣ

ਲਈ ਲੋੜੀਂਦਾ ਹੈ। ਕਲਾਸ 4 ਦੇ ਲਾਇਸੈਂਸ ਨੂੰ ਪ੍ਰਾਪਤ ਕਰਨ ਲਈ ਇੱਕ ਵਿਸਤ੍ਰਿਤ ਗਿਆਨ ਟੈਸਟ, ਡਰਾਈਵਰ ਮੈਡੀਕਲ ਅਤੇ ਦ੍ਰਿਸ਼ਟੀ ਟੈਸਟ ਦੀ ਅਜੇ ਵੀ ਲੋੜ ਹੋਵੇਗੀ। ਇਸ ਤਬਦੀਲੀ ਨਾਲ, ਅਲਬਰਟਾ ਦੀ ਸਰਕਾਰ ਸਾਂਝੀ-ਰਾਈਡ ਉਦਯੋਗ ਲਈ ਹੋਰ ਮੁਕਾਬਲੇ ਨੂੰ ਕੀਲਣ ਦੀ ਉਮੀਦ ਕਰਦੀ ਹੈ।

GDL ਪ੍ਰੋਗਰਾਮ ਵਿੱਚ ਉਨੱਤ ਰੋਡ ਟੈਸਟ ਨੂੰ ਹਟਾਉਣ ਦਾ ਸੁਝਾਅ ਸਰਕਾਰ ਵੱਲੋਂ ਕੀਤੀ ਜਾਣ ਵਾਲੀ ਦਫ਼ਤਰੀ ਕਾਰਵਾਈ ਨੂੰ ਘਟਾਉਣ ਦੀਆਂ ਕਾਰਵਾਈਆਂ 'ਤੇ 2019 ਦੇ ਸਰਵੇਖਣ ਵਿੱਚ ਬਹੁਤ ਸਾਰੇ ਅਲਬਰਟਨ ਨਾਗਰਿਕਾਂ ਵੱਲੋਂ ਦਿੱਤਾ ਗਿਆ ਸੀ।

## ਫੌਰੀ ਤੱਥ

- ਫ਼ਿਲਹਾਲ ਲਗਭਗ 700,000 GDL ਡਰਾਈਵਰ ਆਪਣਾ ਉੱਨਤ ਰੋਡ ਟੈਸਟ ਦੇਣ ਲਈ ਯੋਗ ਹਨ। ਲਗਭਗ 500,000 ਡਰਾਈਵਰ GDL ਪ੍ਰੋਗਰਾਮ ਤੋਂ ਖੁਦ-ਬ-ਖੁਦ ਬਾਹਰ ਨਿਕਲਣ ਦੇ ਯੋਗ ਹੋਣਗੇ।
- ਪਿਛਲੇ ਪੰਜ ਸਾਲਾਂ ਦੌਰਾਨ, ਲਗਭਗ 65 ਫ਼ੀਸਦੀ ਡਰਾਈਵਰਾਂ ਨੇ ਆਪਣਾ ਉੱਨਤ ਰੋਡ ਟੈਸਟ ਨਹੀਂ ਦਿੱਤਾ ਅਤੇ 99 ਫ਼ੀਸਦੀ ਮੋਟਰਸਾਈਕਲ ਸਵਾਰਾਂ ਨੇ ਟੈਸਟ ਨਹੀਂ ਦਿੱਤਾ।
- ਮੌਜੂਦਾ GDL ਪ੍ਰੋਗਰਾਮ ਵਿੱਚ ਡਰਾਈਵਰਾਂ ਨੂੰ ਆਪਣਾ ਪੂਰਾ ਡਰਾਈਵਰ ਲਾਇਸੈਂਸ ਹਾਸਲ ਕਰਨ ਲਈ ਐਡਵਾਂਸ ਰੋਡ ਟੈਸਟ ਦੇਣ ਤੋਂ ਪਹਿਲਾਂ ਇੱਕ ਬੁਨਿਆਦੀ ਰੋਡ ਟੈਸਟ ਪਾਸ ਕਰਨ, ਦੋ ਸਾਲਾਂ ਲਈ ਅਜ਼ਮਾਇਸ਼ੀ ਮਿਆਦ ਵਿੱਚ ਰਹਿਣ ਅਤੇ ਅਜ਼ਮਾਇਸ਼ੀ ਮਿਆਦ ਦੇ ਅੰਤਿਮ 12 ਮਹੀਨਿਆਂ ਲਈ ਮੁਅੱਤਲ-ਰਹਿਤ ਹੋਣ ਦੀ ਲੋੜ ਹੁੰਦੀ ਹੈ।

## ਸੰਬੰਧਿਤ ਜਾਣਕਾਰੀ

- ਗ੍ਰੈਜੁਏਟਿਡ ਡਰਾਈਵਰ ਲਾਇਸੰਸਿੰਗ

## ਸੰਬੰਧਿਤ ਖ਼ਬਰਾਂ

- ਨਵੀਂ ਡਰਾਈਵਰ ਰੋਡ ਟੈਸਟ ਪ੍ਰਣਾਲੀ ਪਹੁੰਚ ਵਿੱਚ ਸੁਧਾਰ ਕਰੇਗੀ (22 ਅਕਤੂਬਰ 2020)